# ਓਨਟੈਰਿਓ ਦਾ ਨਿਰਮਾਣ ਕਰੋ

## ਸੂਬਾ 2021 ਦੀ ਫੌਲ ਇਕਨੌਮਿਕ ਸਟੇਟਮੈਂਟ ਜਾਰੀ ਕੀਤੀ

ਟੋਰੌਂਟੋ - ਅੱਜ, Minister of Finance Peter Bethlenfalvy *ਨੇ 2021 ਓਨਟੈਰਿਓ ਇਕਨੌਮਿਕ ਆਉਟਲੁੱਕ ਅਤੇ ਫਿਸਕਲ ਰਿਵਿਊ: ਬਿਲਡ ਓਨਟੈਰਿਓ (Build Ontario) (2021 Ontario Economic Outlook and Fiscal Review:Build Ontario) ਜਾਰੀ ਕੀਤਾ।* ਯੋਜਨਾ ਇਹ ਦਰਸਾਉਂਦੀ ਹੈ ਕਿ ਸਰਕਾਰ ਅਹਿਮ ਬੁਨਿਆਦੀ ਢਾਂਚੇ ਨਾਲ ਸੰਬੰਧਤ ਸੁਰੂਆਤ ਕਰਕੇ, ਵਧੇ ਹੋਏ ਨਿਵੇਸ਼ ਨੂੰ ਆਕਰਸ਼ਿਤ ਕਰਕੇ, ਅਤੇ ਆਟੋ ਨਿਰਮਾਣ ਅਤੇ ਹੋਰ ਉਦਯੋਗਾਂ ਵਿੱਚ ਲੀਡਰਸ਼ਿਪ ਨੂੰ ਬਹਾਲ ਕਰਕੇ ਓਨਟੈਰਿਓ ਦੀ ਰਿਕਵਰੀ ਅਤੇ ਖੁਸ਼ਹਾਲੀ ਲਈ ਕਿਸ ਤਰ੍ਹਾਂ ਨੀਂਹ ਦਾ ਨਿਰਮਾਣ ਕਰੇਗੀ। ਯੋਜਨਾ ਕੋਵਿਡ-19 ਮਹਾਂਮਾਰੀ ਦੇ ਵਿਰੁੱਧ ਓਨਟੈਰਿਓ ਦੀ ਤਰੱਕੀ ਦੀ ਰੱਖਿਆ ਵੀ ਕਰਦੀ ਹੈ।

Minister Bethlenfalvy ਨੇ ਕਿਹਾ, "ਜਿਵੇਂ ਕਿ ਅਸੀਂ ਮਹਾਂਮਾਰੀ ਦੇ ਵਿਰੁੱਧ ਸਖ਼ਤ ਮਿਹਨਤ ਨਾਲ ਜਿੱਤੀ ਹੋਈ ਤਰੱਕੀ ਦੀ ਰੱਖਿਆ ਕਰਨਾ ਜਾਰੀ ਰੱਖਦੇ ਹਾਂ, ਸਾਡੀ ਸਰਕਾਰ ਓਨਟੈਰਿਓ ਵਿੱਚ ਪਰਿਵਾਰਾਂ, ਕਾਮਿਆਂ ਅਤੇ ਕਾਰੋਬਾਰਾਂ ਲਈ ਇੱਕ ਬਿਹਤਰ ਅਤੇ ਉੱਜਵਲ ਭਵਿੱਖ ਬਣਾਉਣ ਦੀ ਸਾਡੀ ਯੋਜਨਾ ਦੀ ਉਮੀਦ ਕਰ ਰਹੀ ਹੈ। "ਸਾਡੀ ਯੋਜਨਾ ਉੱਤਰ ਵਿੱਚ ਅਹਿਮ ਖਣਿਜਾਂ ਨੂੰ ਅਨਲੌਕ ਕਰਕੇ, ਸਾਡੀ ਨਿਰਮਾਣ ਸਮਰੱਥਾ ਦਾ ਉਪਯੋਗ ਕਰਕੇ ਅਤੇ ਅਹਿਮ ਬੁਨਿਆਦੀ ਢਾਂਚੇ ਦਾ ਨਿਰਮਾਣ ਕਰਕੇ, ਸਾਡੇ ਸੂਬੇ ਦੇ ਹਰ ਖੇਤਰ ਲਈ ਸਾਡੀ ਆਰਥਿਕ ਰਿਕਵਰੀ ਅਤੇ ਖੁਸ਼ਹਾਲੀ ਨੂੰ ਅੱਗੇ ਵਧਾਏਗੀ।"

ਸਾਡੀ ਤਰੱਕੀ ਦੀ ਰੱਖਿਆ ਕਰਨਾ: ਸਰਕਾਰ ਦੀ ਅਜਿਹਾ ਹੈਲਥ ਅਤੇ ਲੌਂਗ-ਟਰਮ ਕੇਅਰ ਸਿਸਟਮ ਬਣਾਉਣ ਦੀ ਯੋਜਨਾ ਹੈ ਜੋ ਉਹ ਗੁਣਵੱਤਾ ਪ੍ਰਦਾਨ ਕਰਦੀ ਹੈ ਜਿਸਦੇ ਸਾਡੇ ਅਜ਼ੀਜ਼ ਹੱਕਦਾਰ ਹਨ।

ਹਾਈਲਾਈਟਾਂ ਵਿੱਚ ਸ਼ਾਮਲ ਹਨ:

- ਹੈਲਥ ਅਤੇ ਲੌਂਗ-ਟਰਮ ਕੇਅਰ ਕਾਰਜਬਲ ਨੂੰ ਮਜ਼ਬੂਤ ਕਰਨ ਲਈ, ਓਨਟੈਰਿਓ 2021-22 ਵਿੱਚ ਸ਼ੁਰੂਆਤ ਕਰਕੇ, 5,000 ਤੋਂ ਵੱਧ ਨਵੀਆਂ ਅਤੇ ਉੱਚ ਹੁਨਰਮੰਦ ਰਜਿਸਟਰਡ ਨਰਸਾਂ ਅਤੇ ਰਜਿਸਟਰਡ ਪ੍ਰੈਕਟੀਕਲ ਨਰਸਾਂ ਦੇ ਨਾਲ-ਨਾਲ 8,000 ਪਰਸਨਲ ਸਪੋਰਟ ਵਰਕਰਾਂ ਨੂੰ ਸ਼ਾਮਲ ਕਰਨ ਲਈ $342 ਮਿਲੀਅਨ ਦਾ ਨਿਵੇਸ਼ ਕਰ ਰਿਹਾ ਹੈ। ਇਸ ਤੋਂ ਇਲਾਵਾ, ਓਨਟੈਰਿਓ ਲੌਂਗ-ਟਰਮ ਦੇ ਖੇਤਰ ਵਿੱਚ 225 ਨਰਸ ਪ੍ਰੈਕਟੀਸ਼ਨਰਾਂ ਨੂੰ ਭਰਤੀ ਕਰਨ ਲਈ, 2022-23 ਤੋਂ ਸ਼ੁਰੂਆਤ ਕਰਕੇ, $57.6 ਮਿਲੀਅਨ ਦਾ ਨਿਵੇਸ਼ ਕਰ ਰਿਹਾ ਹੈ।
- ਹਸਪਤਾਲ ਵਿੱਚ ਭਰਤੀ ਮਰੀਜ਼ਾਂ ਨੂੰ ਘਰ ਵਿੱਚ, ਜਿੱਥੇ ਉਹ ਸਭ ਤੋਂ ਵੱਧ ਸੁਖਾਵੇਂ ਹੁੰਦੇ ਹਨ, ਉਨ੍ਹਾਂ ਦੀ ਰਿਕਵਰੀ ਅਤੇ ਮੁੜ ਵਸੇਬੇ ਨੂੰ ਜਾਰੀ ਰੱਖਣ ਵਿੱਚ ਮਦਦ ਕਰਨ ਲਈ, ਸੂਬਾ ਤਿੰਨ ਸਾਲਾਂ ਵਿੱਚ ਘਰੇਲੂ ਅਤੇ ਕਮਿਊਨਿਟੀ ਦੇਖਭਾਲ ਦਾ ਵਿਸਤਾਰ ਕਰਨ ਲਈ ਵਾਧੂ $548.5 ਮਿਲੀਅਨ ਦਾ ਨਿਵੇਸ਼ ਕਰ ਰਿਹਾ ਹੈ। ਇਹ ਫੰਡਿੰਗ ਹਰ ਸਾਲ 28,000 ਪੋਸਟ-ਐਕਿਊਟ ਸਰਜੀਕਲ ਮਰੀਜ਼ਾਂ ਅਤੇ ਗੁੰਝਲਦਾਰ ਸਿਹਤ ਸਥਿਤੀਆਂ ਵਾਲੇ 21,000 ਮਰੀਜ਼ਾਂ ਤੱਕ ਦੀ ਸਹਾਇਤਾ ਕਰੇਗੀ।
- ਸੂਬੇ ਭਰ ਵਿੱਚ ਸਿਹਤ ਅਤੇ ਲੌਂਗ-ਟਰਮ ਕੇਅਰ ਕਰਮਚਾਰੀਆਂ ਦੀ ਮਾਨਸਿਕ ਸਿਹਤ ਅਤੇ ਤੰਦਰੁਸਤੀ ਦਾ ਸਮਰਥਨ ਕਰਨ ਲਈ, ਸਰਕਾਰ ਮੌਜੂਦਾ ਅਤੇ ਵਿਸਤ੍ਰਿਤ ਮਾਨਸਿਕ ਸਿਹਤ ਅਤੇ ਨਸ਼ਾ ਮੁਕਤੀ ਸਹਾਇਤਾਵਾਂ ਤੱਕ ਤੇਜ਼ੀ ਨਾਲ ਪਹੁੰਚ ਜਾਰੀ ਰੱਖਣ ਲਈ 2021-22 ਵਿੱਚ ਸ਼ੁਰੂਆਤ ਕਰਕੇ ਦੋ ਸਾਲਾਂ ਵਿੱਚ $12.4 ਮਿਲੀਅਨ ਦਾ ਨਿਵੇਸ਼ ਕਰ ਰਹੀ ਹੈ।
- ਲੌਂਗ-ਟਰਮ ਕੇਅਰ ਨਿਵਾਸੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, ਸਰਕਾਰ 2022-23 ਤੱਕ ਪੂਰੇ ਸੂਬੇ ਵਿੱਚ ਇੰਸਪੈਕਟਰਾਂ ਦੀ ਸੰਖਿਆ ਨੂੰ ਦੁੱਗਣਾ ਕਰਨ ਸਮੇਤ ਲਾਗੂ ਕਰਨ ਦੀ ਸਮਰੱਥਾ ਵਧਾਉਣ ਲਈ ਤਿੰਨ ਸਾਲਾਂ ਵਿੱਚ ਵਾਧੂ $72.3 ਮਿਲੀਅਨ ਮੁਹੱਈਆ ਕਰ ਰਹੀ ਹੈ। ਇਹ ਓਨਟੈਰਿਓ ਦੇ ਇੰਸਪੈਕਟਰ ਤੋਂ ਲੌਂਗ-ਟਰਮ ਕੇਅਰ ਹੋਮਾਂ ਦੇ ਅਨੁਪਾਤ ਨੂੰ ਕੈਨੇਡਾ ਵਿੱਚ ਸਭ ਤੋਂ ਸਭ ਤੋਂ ਵੱਧ ਬਣਾ ਦੇਵੇਗਾ।

ਓਨਟੈਰਿਓ ਦਾ ਨਿਰਮਾਣ ਕਰਨਾ (Building Ontario): ਸਰਕਾਰ ਦੀ ਹਾਈਵੇਅ, ਹਸਪਤਾਲਾਂ, ਰਿਹਾਇਸ਼ਾਂ ਅਤੇ ਹਾਈ-ਸਪੀਡ ਇੰਟਰਨੈਟ ਲਈ ਸ਼ੁਰੂਆਤ ਦੇ ਨਾਲ ਓਨਟੈਰ੍ਹਿਓ ਦੇ ਭਵਿੱਖ ਨੂੰ ਬਣਾਉਣ ਦੀ ਯੋਜਨਾ ਹੈ। ਇਹਨਾਂ ਨਿਵੇਸ਼ਾਂ ਦੇ ਨਾਲ, ਸਰਕਾਰ ਸਾਡੀ ਸਿਹਤ ਸੰਭਾਲ ਸਮਰੱਥਾ ਦਾ ਵਿਸਤਾਰ ਕਰੇਗੀ, ਓਨਟੈਰਿਓ ਦੇ ਉੱਤਰ ਵਿੱਚ ਮਹੱਤਵਪੂਰਣ ਖਣਿਜ ਸਰੋਤਾਂ ਤੱਕ ਪਹੁੰਚ ਪ੍ਰਦਾਨ ਕਰੇਗੀ, ਅਤੇ ਡਰਾਈਵਰਾਂ ਦੁਆਰਾ ਟਰੈਫਿਕ ਜਾਮ (ਗਰਿੱਡਲੌਕ) ਵਿੱਚ ਫਸੇ ਹੋਣ ਦੇ ਸਮੇਂ ਵਿੱਚ ਕਟੌਤੀ ਕਰੇਗੀ ਤਾਂ ਜੋ ਉਹ ਦੋਸਤਾਂ ਅਤੇ ਪਰਿਵਾਰ ਨਾਲ ਵਧੇਰੇ ਸਮਾਂ ਬਿਤਾ ਸਕਣ।

ਹਾਈਲਾਈਟਾਂ ਵਿੱਚ ਸ਼ਾਮਲ ਹਨ:

- ਓਨਟੈਰਿਓ ਦੇ ਹਾਈਵੇਅ ਅਤੇ ਪੁਲਾਂ ਨੂੰ ਬਣਾਉਣ, ਉਨ੍ਹਾਂ ਦਾ ਵਿਸਤਾਰ ਅਤੇ ਮੁਰੰਮਤ ਕਰਨ ਲਈ, ਨੌਕਰੀਆਂ ਪੈਦਾ ਕਰਨ ਅਤੇ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ, ਸਰਕਾਰ ਨੇ ਓਨਟੈਰਿਓ ਹਾਈਵੇਜ਼ ਪ੍ਰੋਗਰਾਮ (Ontario Highways Program) ਜਿਸ ਵਿੱਚ 580 ਤੋਂ ਵੱਧ ਉਸਾਰੀ, ਵਿਸਥਾਰ ਅਤੇ ਪੁਨਰਵਾਸ ਪ੍ਰੋਜੈਕਟ ਸ਼ਾਮਲ ਹਨ, ਦੇ ਸਮਰਥਨ ਵਿੱਚ 2021-22 ਲਈ ਫੰਡਿੰਗ ਵਿੱਚ ਲਗਭਗ $2.6 ਬਿਲੀਅਨ ਦਾ ਨਿਵੇਸ਼ ਕੀਤਾ ਹੈ। ਹਾਈਵੇਜ਼ ਪ੍ਰੋਗਰਾਮ (Highways Program) ਦੇ ਹਿੱਸੇ ਵਜੋਂ, ਸਰਕਾਰ ਨੇ Bradford ਬਾਈਪਾਸ ਅਤੇ ਹਾਈਵੇਅ 413 ਨੂੰ ਬਣਾਉਣ ਅਤੇ ਅੱਗੇ ਵਧਾਉਣ ਲਈ ਫੰਡਿੰਗ ਦੇਣ ਲਈ ਵਚਨਬੱਧਤਾ ਕੀਤੀ ਹੈ।
- ਨੌਕਰੀਆਂ ਪੈਦਾ ਕਰਨ, ਮਹੱਤਵਪੂਰਨ ਖਣਿਜਾਂ ਨੂੰ ਅਨਲੌਕ ਕਰਨ ਅਤੇ ਓਨਟੈਰਿਓ ਦੇ ਉੱਤਰ ਵਿੱਚ ਆਰਥਿਕ ਖੁਸ਼ਹਾਲੀ ਲਿਆਉਣ ਲਈ ਨੌਰਦਰਨ ਅਤੇ ਫਸਟ ਨੇਸ਼ਨਜ਼ ਭਾਈਚਾਰਿਆਂ ਨਾਲ ਸਾਂਝੇਦਾਰੀ ਵਿੱਚ ਕੰਮ ਕਰਦੇ ਹੋਏ, ਸੂਬੇ ਨੇ ਇੱਕ ਆਲ-ਸੀਜ਼ਨ ਰੋਡ ਨੈਟਵਰਕ ਦੀ ਯੋਜਨਾਬੰਦੀ ਅਤੇ ਨਿਰਮਾਣ ਦਾ ਸਮਰਥਨ ਕਰਨ ਦੇ ਨਾਲ ਹੀ ਅਜਿਹੇ ਹੋਰ ਪ੍ਰੋਜੈਕਟ, ਜੋ ਦੂਰ ਉੱਤਰ ਵਿੱਚ ਰਿਮੋਟ ਫਸਟ ਨੇਸ਼ਨਜ਼ ਲਈ ਖੁਸ਼ਹਾਲੀ ਲਈ ਇੱਕ ਕੌਰੀਡੋਰ ਮੁਹੱਈਆ ਕਰਨਗੇ, ਦੇ ਲਈ ਤਕਰੀਬਨ $1 ਬਿਲੀਅਨ ਪ੍ਰਤੀਬੱਧ ਕੀਤੇ ਹਨ। ਕੈਨੇਡਾ ਸਰਕਾਰ ਨੂੰ ਅਗੇ ਵੱਧਣਾ ਅਤੇ ਇਸ ਅਹਿਮ ਪ੍ਰੋਜੈਕਟ ਵਿੱਚ ਓਨਟੈਰਿਓ ਦੀਆਂ ਵਚਨਬੱਧਤਾਵਾਂ ਨੂੰ ਮੈਚ ਕਰਨਾ ਚਾਹੀਦਾ ਹੈ।
- ਓਨਟੈਰਿਓ, ਓਨਟੈਰਿਓ ਕਮਿਊਨਿਟੀ ਇਨਫਰਾਸਟਰੱਕਚਰ ਫੰਡ ਪ੍ਰੋਗਰਾਮ (Ontario Community Infrastructure Fund program) ਵਿੱਚ ਆਪਣੇ ਸਾਲਾਨਾ ਨਿਵੇਸ਼ ਨੂੰ ਦੁੱਗਣਾ ਕਰਨ ਰਾਹੀਂ ਮਿਉਂਸਪੈਲਿਟੀਆਂ ਦੁਆਰਾ ਪ੍ਰਗਟ ਕੀਤੀ ਗਈ ਲੋੜ ਦਾ ਜਵਾਬ ਦੇ ਰਿਹਾ ਹੈ। $1 ਬਿਲੀਅਨ ਦਾ ਇਹ ਵਾਧੂ ਬਹੁ-ਸਾਲਾ ਨਿਵੇਸ਼ 424 ਛੋਟੇ, ਦਿਹਾਤੀ ਅਤੇ ਉੱਤਰੀ ਭਾਈਚਾਰਿਆਂ ਨੂੰ ਨਿਸ਼ਚਤਤਾ ਅਤੇ ਪੂਰਵ ਅਨੁਮਾਨ ਦੀ ਯੋਗਤਾ ਪ੍ਰਦਾਨ ਕਰਨ ਲਈ, 2021-22 ਤੋਂ ਸ਼ੁਰੂ ਹੋਣ ਵਾਲੇ ਅਗਲੇ ਪੰਜ ਸਾਲਾਂ ਵਿੱਚ ਕੁੱਲ ਨਿਵੇਸ਼ ਨੂੰ ਲਗਭਗ $2 ਬਿਲੀਅਨ ਤੱਕ ਲਿਆਏਗਾ ਤਾਂ ਜੋ ਉਹ ਸੜਕਾਂ, ਪੁਲਾਂ, ਅਤੇ ਪਾਣੀ ਅਤੇ ਗੰਦੇ ਪਾਣੀ ਸੰਬੰਧੀ ਬੁਨਿਆਦੀ ਢਾਂਚਾ ਦਾ ਨਿਰਮਾਣ ਅਤੇ ਮੁਰੰਮਤ ਕਰ ਸਕਣ।
- 2025 ਦੇ ਅੰਤ ਤੱਕ ਓਨਟੈਰਿਓ ਦੇ ਸਾਰੇ ਖੇਤਰਾਂ ਨੂੰ ਕਿਫਾਇਤੀ, ਭਰੋਸੇਮੰਦ ਹਾਈ-ਸਪੀਡ ਇੰਟਰਨੈਟ ਤੱਕ ਪਹੁੰਚ ਮੁਹੱਈਆ ਕਰਨ ਲਈ, ਸੂਬੇ ਨੇ ਛੇ ਸਾਲਾਂ ਵਿੱਚ ਲਗਭਗ $4 ਬਿਲੀਅਨ ਦੀ ਇਤਿਹਾਸਕ ਵਚਨਬੱਧਤਾ ਕੀਤੀ ਹੈ।
- ਦਹਾਕਿਆਂ ਦੀ ਅਣਗਹਿਲੀ ਨੂੰ ਸੰਬੋਧਿਤ ਕਰਨ ਅਤੇ ਲੌਂਗ-ਟਰਮ ਦੇਖਭਾਲ ਵਿੱਚ ਪ੍ਰਵੇਸ਼ ਕਰਨ ਲਈ ਉਡੀਕ ਕਰ ਰਹੇ ਲੋਕਾਂ ਦੀ ਮਦਦ ਕਰਨ ਲਈ, 2024-25 ਤੋਂ ਸ਼ੁਰੂ ਕਰਦੇ ਹੋਏ, ਓਨਟੈਰਿਓ ਦੀ ਅਤਿਰਿਕਤ 10,000 ਨੈੱਟ ਨਵੇਂ ਲੌਂਗ-ਟਰਮ ਦੇਖਭਾਲ ਬੈੱਡ ਬਣਾਉਣ ਅਤੇ ਮੌਜੂਦਾ 12,000 ਬੈੱਡਾਂ ਨੂੰ ਆਧੁਨਿਕ ਡਿਜ਼ਾਇਨ ਮਿਆਰਾਂ ਤੱਕ ਅੱਪਗ੍ਰੇਡ ਕਰਨ ਲਈ, ਵਾਧੂ $3.7 ਬਿਲੀਅਨ ਨਿਵੇਸ਼ ਕਰਨ ਦੀ ਯੋਜਨਾ ਹੈ। ਇਸ ਨਾਲ ਬਸੰਤ 2019 ਤੋਂ ਲੈ ਕੇ ਕੁੱਲ ਨਿਵੇਸ਼ $6.4 ਬਿਲੀਅਨ ਹੋ ਜਾਵੇਗਾ - ਇੱਕ ਇਤਿਹਾਸਕ ਨਿਵੇਸ਼ ਜਿਸ ਦਾ ਨਤੀਜਾ 2028 ਤੱਕ 30,000 ਤੋਂ ਵੱਧ ਨੈੱਟ ਨਵੇਂ ਬੈੱਡ ਅਤੇ ਸੂਬੇ ਭਰ ਵਿੱਚ ਲਗਭਗ 28,000 ਅਪਗ੍ਰੇਡ ਕੀਤੇ ਗਏ ਲੌਂਗ-ਟਰਮ ਦੇਖਭਾਲ ਵਾਲੇ ਬੈੱਡ ਹੋਵੇਗਾ।
- ਸਿਹਤ ਦੇਖਭਾਲ ਪ੍ਰਣਾਲੀ ਦੀਆਂ ਵਧਦੀਆਂ ਮੰਗਾਂ ਦਾ ਸਮਰਥਨ ਕਰਨ ਲਈ, ਓਨਟੈਰਿਓ ਅਗਲੇ 10 ਸਾਲਾਂ ਵਿੱਚ ਹਸਪਤਾਲਾਂ ਦਾ ਨਿਰਮਾਣ, ਵਿਸਤਾਰ ਕਰਨ ਅਤੇ ਉਨ੍ਹਾਂ ਨੂੰ ਬਿਹਤਰ ਬਣਾਉਣ ਲਈ $30.2 ਬਿਲੀਅਨ ਦਾ ਨਿਵੇਸ਼ ਕਰ ਰਿਹਾ ਹੈ, ਇਹ ਯਕੀਨੀ ਬਣਾਉਣ ਲਈ ਇੱਕ ਇਤਿਹਾਸਕ ਵਚਨਬੱਧਤਾ ਕਿ ਲੋਕ ਆਪਣੇ ਭਾਈਚਾਰਿਆਂ ਵਿੱਚ ਲੋੜੀਂਦੀ ਦੇਖਭਾਲ ਪ੍ਰਾਪਤ ਕਰ ਸਕਣ।

ਵਰਕਰਾਂ ਲਈ ਕੰਮ ਕਰਨਾ: ਸਰਕਾਰ ਵਰਕਰਾਂ ਨੂੰ ਸਿਖਰ ਤੱਕ ਦੀ ਦੌੜ ਵਿੱਚ ਚਾਹੁੰਦੀ ਹੈ, ਤਲ ਤੱਕ ਦੀ ਦੌੜ ਵਿੱਚ ਨਹੀਂ। ਇਹੀ ਕਾਰਨ ਹੈ ਕਿ ਸਰਕਾਰ ਦੀ ਘੱਟੋ-ਘੱਟ ਤਨਖਾਹ ਵਧਾਉਣ ਦਾ ਪ੍ਰਸਤਾਵ ਦੇ ਕੇ ਓਨਟਾਰੀਓ ਦੇ ਕਾਮਿਆਂ ਨੂੰ ਵਧਾਵਾ ਦੇਣ, ਫੰਡਿੰਗ ਪ੍ਰਦਾਨ ਕਰਨ ਤਾਂ ਜੋ ਕਰਮਚਾਰੀ ਨਵੇਂ ਹੁਨਰ ਸਿੱਖ ਸਕਣ, ਅਤੇ ਚੰਗੀ ਤਨਖਾਹ ਵਾਲੀਆਂ ਨੌਕਰੀਆਂ ਪੈਦਾ ਕਰਨ ਲਈ ਮਹੱਤਵਪੂਰਨ ਖਣਿਜਾਂ, ਆਟੋਮੋਟਿਵ ਨਿਰਮਾਣ ਅਤੇ ਹੋਰ ਉਦਯੋਗਾਂ ਵਿੱਚ ਨਿਵੇਸ਼ ਨੂੰ ਆਕਰਸ਼ਿਤ ਕਰਨ ਦੀ ਯੋਜਨਾ ਹੈ।

ਹਾਈਲਾਈਟਾਂ ਵਿੱਚ ਸ਼ਾਮਲ ਹਨ:

- ਵਰਕਰਾਂ ਦਾ ਸਮਰਥਨ ਕਰਨ ਲਈ, ਸਰਕਾਰ ਆਮ ਘੱਟੋ-ਘੱਟ ਤਨਖਾਹ ਨੂੰ 1 ਜਨਵਰੀ, 2022 ਤੋਂ ਪ੍ਰਭਾਵੀ, $15 ਪ੍ਰਤੀ ਘੰਟਾ ਕਰਨ ਅਤੇ ਸ਼ਰਾਬ ਦੇ ਸਰਵਰਾਂ ਲਈ ਵਿਸ਼ੇਸ਼ ਘੱਟੋ-ਘੱਟ ਤਨਖਾਹ ਦਰ ਨੂੰ, ਆਮ ਘੱਟੋ-ਘੱਟ ਤਨਖਾਹ ਤੱਕ ਵਧਾ ਕੇ, ਖਤਮ ਕਰਨ ਦਾ ਪ੍ਰਸਤਾਵ ਕਰ ਰਹੀ ਹੈ।
- ਉੱਤਰੀ ਅਮਰੀਕਾ ਵਿੱਚ ਜ਼ਿੰਮੇਵਾਰੀ ਨਾਲ ਪ੍ਰਾਪਤ ਕੀਤੇ ਜਾਣ ਵਾਲੇ ਮਹੱਤਵਪੂਰਨ ਖਣਿਜਾਂ ਦੇ ਪ੍ਰਮੁੱਖ ਅਧਿਕਾਰ ਖੇਤਰਾਂ ਵਿੱਚੋਂ ਇੱਕ ਵਜੋਂ ਓਨਟੈਰਿਓ ਦੀ ਸਥਿਤੀ ਨੂੰ ਮਜ਼ਬੂਤ ਕਰਨ ਲਈ, ਸੂਬੇ ਨੇ ਆਪਣੀ ਪਹਿਲੀ ਕ੍ਰਿਟੀਕਲ ਖਣਿਜ ਸਟ੍ਰੈਟੇਜੀ (Critical Minerals Strategy) ਵਿਕਸਿਤ ਕਰਨ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਹੈ। ਸੂਬੇ ਵਿੱਚ ਅਹਿਮ ਖਣਿਜਾਂ ਦੀ ਬਹੁਤਾਤ ਨਵੀਂ ਇਲੈਕਟ੍ਰਿਕ ਵਾਹਨ ਤਕਨਾਲੋਜੀ ਵਰਗੇ ਨਿਵੇਸ਼ਾਂ ਨੂੰ ਸੁਰੱਖਿਅਤ ਕਰਨ ਵਿੱਚ ਮਦਦ ਕਰੇਗੀ ਅਤੇ ਓਨਟੈਰਿਓ ਵਰਕਰਾਂ ਲਈ ਨਵੇਂ ਮੌਕੇ ਪੈਦਾ ਕਰੇਗੀ।
- ਆਟੋਮੋਟਿਵ ਸੈਕਟਰ ਵਿੱਚ ਨੌਕਰੀਆਂ ਦੀ ਰੱਖਿਆ ਅਤੇ ਸਿਰਜਣਾ ਲਈ, ਸੂਬੇ ਨੇ ਇਲੈਕਟ੍ਰਿਕ ਵਾਹਨ ਸਪਲਾਈ ਚੇਨ ਸਮਰੱਥਾ ਲਈ ਪ੍ਰਮੁੱਖ ਆਟੋ ਨਿਰਮਾਤਾਵਾਂ ਤੋਂ $5.6 ਬਿਲੀਅਨ ਦੀਆਂ ਨਿਵੇਸ਼ ਪ੍ਰਤੀਬੱਧਤਾਵਾਂ ਪ੍ਰਾਪਤ ਕੀਤੀਆਂ ਹਨ।
- ਨਿਵੇਸ਼ ਲਈ ਵਧ ਰਹੇ ਮੁਕਾਬਲੇ ਅਤੇ ਸਪਲਾਈ ਚੇਨ ਚੁਣੌਤੀਆਂ ਨੂੰ ਹੱਲ ਕਰਨ ਲਈ, ਓਨਟੈਰਿਓ ਦੋ-ਸਾਲਾਂ ਲਈ ਇੱਕ ਨਵੀਂ ਸੂਬਾ ਵਿਆਪੀ $40 ਮਿਲੀਅਨ ਐਡਵਾਂਸਡ ਮੈਨੂਫੈਕਚਰਿੰਗ ਅਤੇ ਇਨੋਵੇਸ਼ਨ ਕੰਪੀਟੀਟਿਵਨੈਸ ਸਟ੍ਰੀਮ (Advanced Manufacturing and Innovation Competitiveness stream) ਬਣਾ ਰਿਹਾ ਹੈ, ਜੋ ਕਿ ਖੇਤਰੀ ਵਿਕਾਸ ਪ੍ਰੋਗਰਾਮ (Regional Development Program) ਦਾ ਹਿੱਸਾ ਹੈ।
- ਕਾਮਿਆਂ ਨੂੰ ਚੰਗੀਆਂ ਨੌਕਰੀਆਂ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ, ਓਨਟੈਰਿਓ 2021-22 ਵਿੱਚ ਸ਼ੁਰੂਆਤ ਕਰਕੇ, ਸਕਿਲਡ ਟਰੇਡਜ਼ ਸਟ੍ਰੈਟੇਜੀ (Skilled Trades Strategy) ਵਿੱਚ ਤਿੰਨ ਸਾਲਾਂ ਵਿੱਚ ਵਾਧੂ $90.3 ਮਿਲੀਅਨ ਦਾ ਨਿਵੇਸ਼ ਕਰ ਰਿਹਾ ਹੈ। ਮੁੱਖ ਨਵੀਆਂ ਪਹਿਲਕਦਮੀਆਂ ਵਿੱਚ ਇੱਕ ਹੁਨਰਮੰਦ ਟਰੇਡਜ਼ ਕਰੀਅਰ ਮੇਲਾ ਬਣਾਉਣ ਦੇ ਨਾਲ-ਨਾਲ ਓਨਟੈਰਿਓ ਯੂਥ ਅਪ੍ਰੈਂਟਿਸਸ਼ਿਪ ਪ੍ਰੋਗਰਾਮ (Ontario Youth Apprenticeship Program) ਅਤੇ ਪ੍ਰੀ-ਅਪ੍ਰੈਂਟਿਸਸ਼ਿਪ ਟ੍ਰੇਨਿੰਗ ਪ੍ਰੋਗਰਾਮ (Pre-Apprenticeship Training Program) ਨੂੰ ਵਧਾਉਣਾ ਸ਼ਾਮਲ ਹਨ।
- ਵਰਕਰਾਂ ਲਈ ਸਿਖਲਾਈ ਦੇ ਵਧੇਰੇ ਮੌਕੇ ਪ੍ਰਦਾਨ ਕਰਨ ਲਈ, ਸਰਕਾਰ Ontario Jobs Training Tax Credit (ਓਨਟਾਰੀਓ ਜੌਬਜ਼ ਟ੍ਰੇਨਿੰਗ ਟੈਕਸ ਕ੍ਰੈਡਿਟ) ਨੂੰ 2022 ਤੱਕ ਵਧਾਉਣ ਦਾ ਪ੍ਰਸਤਾਵ ਕਰ ਰਹੀ ਹੈ। 2022 ਕ੍ਰੈਡਿਟ ਐਕਸਟੈਂਸ਼ਨ ਲਗਭਗ 240,000 ਲੋਕਾਂ ਨੂੰ ਸਹਾਇਤਾ ਵਿੱਚ ਅੰਦਾਜ਼ਨ $275 ਮਿਲੀਅਨ, ਜਾਂ ਔਸਤਨ $1,150, ਮੁਹੱਈਆ ਕਰੇਗਾ।
- ਉਹਨਾਂ ਵਰਕਰਾਂ ਦੀ ਸਹਾਇਤਾ ਕਰਨ ਲਈ ਜਿਨ੍ਹਾਂ ਨੂੰ ਨੌਕਰੀ ਪ੍ਰਾਪਤ ਕਰਨ ਲਈ ਸਿਖਲਾਈ ਦੀ ਲੋੜ ਹੁੰਦੀ ਹੈ, ਸੂਬਾ 2021-22 ਵਿੱਚ ਸੈਕਿੰਡ ਕੈਰੀਅਰ ਪ੍ਰੋਗਰਾਮ (Second Career program) ਦਾ ਵਿਸਤਾਰ ਕਰਨ ਲਈ ਵਾਧੂ $5 ਮਿਲੀਅਨ ਦਾ ਨਿਵੇਸ਼ ਕਰ ਰਿਹਾ ਹੈ।
- ਟੂਰਿਜ਼ਮ ਅਤੇ ਹੌਸਪਿਟੈਲਿਟੀ ਖੇਤਰਾਂ ਨੂੰ ਰਿਕਵਰ ਕਰਨ ਵਿੱਚ ਮਦਦ ਕਰਨ, ਅਤੇ ਓਨਟੈਰਿਓ ਪਰਿਵਾਰਾਂ ਨੂੰ ਸੂਬੇ ਦੀ ਪੜਚੋਲ ਕਰਨ ਵਾਸਤੇ ਉਤਸ਼ਾਹਿਤ ਕਰਨ ਲਈ, ਸਰਕਾਰ 2022 ਲਈ ਇੱਕ ਨਵੇਂ ਅਸਥਾਈ Ontario Staycation Tax Credit (ਓਨਟੈਰਿਓ ਸਟੇਕੇਸ਼ਨ ਟੈਕਸ ਕ੍ਰੈਡਿਟ) ਦਾ ਪ੍ਰਸਤਾਵ ਕਰ ਰਹੀ ਹੈ। ਇਹ ਕ੍ਰੈਡਿਟ ਡੇਢ ਮਿਲੀਅਨ ਤੋਂ ਵੱਧ ਪਰਿਵਾਰਾਂ ਦੀ ਓਨਟੈਰਿਓ ਨੂੰ ਹੋਰ ਖੋਜਣ ਵਿੱਚ ਸਹਾਇਤਾ ਕਰਨ ਲਈ ਅੰਦਾਜ਼ਨ $270 ਮਿਲੀਅਨ ਪ੍ਰਦਾਨ ਕਰੇਗਾ।

- ਓਨਟੈਰਿਓ ਦੇ ਵਰਕਰਾਂ ਨੂੰ ਸ਼ੋਸ਼ਣ ਅਤੇ ਮਜ਼ਦੂਰਾਂ ਦੀ ਤਸਕਰੀ ਤੋਂ ਬਚਾਉਣ ਲਈ, ਸਰਕਾਰ 2021-22 ਵਿੱਚ ਅਸਥਾਈ ਮਦਦ ਏਜੰਸੀਆਂ ਅਤੇ ਪ੍ਰਵਾਸੀ ਕਾਮਿਆਂ ਦੀ ਭਰਤੀ ਕਰਨ ਵਾਲਿਆਂ ਦੇ ਕੇਂਦਰਿਤ ਨਿਰੀਖਣ ਕਰਨ ਲਈ ਅਧਿਕਾਰੀਆਂ ਦੀ ਇੱਕ ਸਮਰਪਿਤ ਟੀਮ ਦਾ ਸਮਰਥਨ ਕਰਨ ਲਈ $1.1 ਮਿਲੀਅਨ ਦਾ ਨਿਵੇਸ਼ ਕਰ ਰਹੀ ਹੈ। ਇਹ ਪਾਇਲਟ ਸਭ ਤੋਂ ਕਮਜ਼ੋਰ ਅਤੇ ਹਾਸ਼ੀਏ 'ਤੇ ਰਹਿਣ ਵਾਲੇ ਕੁਝ ਵਰਕਰਾਂ ਦੀ ਰੱਖਿਆ ਕਰਨ ਵਿੱਚ ਮਦਦ ਕਰੇਗਾ।

Minister Bethlenfalvy ਨੇ ਕਿਹਾ, "ਉਹ ਗੁਣ ਜਿਨ੍ਹਾਂ ਨੇ ਸਾਡੇ ਸੂਬੇ ਨੂੰ ਮਹਾਂਮਾਰੀ ਦੇ ਸਭ ਤੋਂ ਭੈੜੇ ਦਿਨਾਂ ਵਿੱਚੋਂ ਲੰਘਣ ਵਿੱਚ ਸਹਾਇਤਾ ਕੀਤੀ – ਓਨਟੈਰਿਓ ਦੇ ਲੋਕਾਂ ਦਾ ਹੌਂਸਲਾ – ਸਾਨੂੰ ਇੱਕ ਉੱਜਵਲ, ਵਧੇਰੇ ਖੁਸ਼ਹਾਲ ਭਵਿੱਖ ਤੱਕ ਪਹੁੰਚਾਉਣਗੇ।" "ਸਾਡੀ ਸਰਕਾਰ ਦੀ ਜ਼ਿੰਮੇਵਾਰ ਅਤੇ ਸਮਝਦਾਰੀ ਵਾਲੀ ਯੋਜਨਾ ਹੈ ਜੋ ਵਿਕਾਸ ਦੁਆਰਾ ਸੰਚਾਲਿਤ ਆਰਥਿਕ ਅਤੇ ਵਿੱਤੀ ਰਿਕਵਰੀ ਲਈ ਹਾਲਾਤ ਪੈਦਾ ਕਰਦੀ ਹੈ। ਇਹ ਸਾਡੇ ਦੁਆਰਾ ਕੀਤੀ ਗਈ ਪ੍ਰਗਤੀ ਦੀ ਰੱਖਿਆ ਕਰਨ, ਭਵਿੱਖ ਲਈ ਨਿਰਮਾਣ ਕਰਨ ਅਤੇ ਇਹ ਸਭ ਕੁਝ ਕਰਨ ਵਾਲੇ ਵਰਕਰਾਂ ਵਾਸਤੇ ਕੰਮ ਕਰਨ ਦੀ ਯੋਜਨਾ ਹੈ।"

*ਝਟਪਟ ਤੱਥ*

- *2021 ਓਨਟੈਰਿਓ ਇਕਨੌਮਿਕ ਆਉਟਲੁੱਕ ਅਤੇ ਫਿਸਕਲ ਰਿਵਿਊ:* ਬਿਲਡ ਓਨਟੈਰਿਓਮਹਾਂਮਾਰੀ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਸਰਕਾਰ ਦਾ ਸੱਤਵਾਂ ਵਿੱਤੀ ਅਪਡੇਟ ਹੈ, ਜੋ ਕਿ ਇਸ ਅਨਿਸ਼ਚਿਤ ਆਰਥਿਕ ਅਵਧੀ ਦੇ ਦੌਰਾਨ ਵੀ, ਓਨਟੈਰਿਓ ਦੇ ਵਿੱਤ ਬਾਰੇ ਨਿਯਮਤ ਅੱਪਡੇਟ ਪ੍ਰਦਾਨ ਕਰਨ ਲਈ ਸਰਕਾਰ ਦੀ ਵਚਨਬੱਧਤਾ ਨੂੰ ਉਜਾਗਰ ਕਰਦਾ ਹੈ। ਇਹ ਆਰਥਿਕ ਵਿਕਾਸ ਦੁਆਰਾ ਸੰਚਾਲਿਤ ਰਿਕਵਰੀ ਲਈ ਸਰਕਾਰ ਦੀ ਯੋਜਨਾ ਦਾ ਹਿੱਸਾ ਹੈ।
- ਓਨਟੈਰਿਓ ਦੀ ਅਰਥਵਿਵਸਥਾ ਕੋਵਿਡ-19 ਮਹਾਂਮਾਰੀ ਦੇ ਪ੍ਰਭਾਵਾਂ ਤੋਂ ਠੀਕ ਹੋ ਰਹੀ ਹੈ ਅਤੇ ਵਧਦੇ ਰਹਿਣ ਲਈ ਤਿਆਰ ਹੈ। 2021-22 ਲਈ, ਸਰਕਾਰ $21.5 ਬਿਲੀਅਨ ਦੇ ਘਾਟੇ ਦਾ ਅਨੁਮਾਨ ਲਗਾ ਰਹੀ ਹੈ, ਜੋ ਕਿ *2021 ਦੇ ਬਜਟ* ਵਿੱਚ ਪ੍ਰਕਾਸ਼ਿਤ ਆਉਟਲੁੱਕ ਨਾਲੋਂ $11.6 ਬਿਲੀਅਨ ਘੱਟ ਹੈ। ਇਹ ਸੁਧਾਰ ਇੱਕ ਮਜ਼ਬੂਤ ਆਰਥਿਕ ਵਿਕਾਸ ਸੰਬੰਧੀ ਦ੍ਰਿਸ਼ਟੀਕੋਣ ਦੇ ਨਾਲ, ਸੂਬੇ ਦੇ ਵਿੱਤ ਉੱਤੇ ਕੋਵਿਡ-19 ਦੇ ਪ੍ਰਭਾਵ ਬਾਰੇ ਹੋਰ ਤਾਜ਼ਾ ਜਾਣਕਾਰੀ ਨੂੰ ਪ੍ਰਤੀਬਿੰਬਤ ਕਰਦਾ ਹੈ।
- ਦਰਮਿਆਨੀ ਮਿਆਦ ਦੇ ਦੌਰਾਨ, ਸਰਕਾਰ 2022-23 ਵਿੱਚ $19.6 ਬਿਲੀਅਨ ਅਤੇ 2023-24 ਵਿੱਚ $12.9 ਬਿਲੀਅਨ ਦੇ ਲਗਾਤਾਰ ਘੱਟ ਰਹੇ ਘਾਟੇ ਦਾ ਪੂਰਵ ਅਨੁਮਾਨ ਕਰਦੀ ਹੈ, ਜੋ ਕਿ *2021 ਬਜਟ* ਵਿੱਚ ਪੇਸ਼ ਕੀਤੀ ਗਈ ਆਉਟਲੁੱਕ ਦੇ ਮੁਕਾਬਲੇ, ਕ੍ਰਮਵਾਰ $8.1 ਬਿਲੀਅਨ ਅਤੇ $7.2 ਬਿਲੀਅਨ ਦਾ ਸੁਧਾਰ ਹੈ।
- ਕੋਵਿਡ-19 ਮਹਾਂਮਾਰੀ ਨਾਲ ਜੁੜੀ ਅਨਿਸ਼ਚਿਤਤਾ ਦੇ ਮੱਦੇਨਜ਼ਰ, ਸੂਬੇ ਦਾ ਕੋਵਿਡ-19 ਸਮਾਂ-ਸੀਮਤ ਫੰਡਿੰਗ (COVID-19 Time-Limited Funding) ਰਾਹੀਂ ਸਾਧਨਾਂ ਨੂੰ ਉੱਥੇ ਤਾਇਨਾਤ ਕਰਨ ਲਈ ਲਚਕਤਾ ਨੂੰ ਬਰਕਰਾਰ ਰੱਖਣਾ, ਜਾਰੀ ਹੈ ਜਿੱਥੇ ਉਹਨਾਂ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ ਅਤੇ ਹੋਰ ਰਿਕਵਰੀ ਪਹਿਲਕਦਮੀਆਂ ਦਾ ਸਮਰਥਨ ਕਰਨਾ ਜਾਰੀ ਹੈ।

*ਵਾਧੂ ਸਾਧਨ*

- ਸਾਡੀ ਤਰੱਕੀ ਦੀ ਰੱਖਿਆ ਕਰਨਾ (Protecting Our Progress)
- ਓਨਟੈਰਿਓ ਦਾ ਨਿਰਮਾਣ ਕਰਨਾ
- ਵਰਕਰਾਂ ਲਈ ਕੰਮ ਕਰਨਾ
- ਆਰਥਿਕ ਅਤੇ ਵਿੱਤੀ ਸਾਰ
- ਮੰਤਰੀ ਦਾ ਬਿਆਨ ਪੜ੍ਹੋ